ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ:3444...ਸ.1/ਕਾਲਜ
ਮਿਤੀ: 30/9/2022

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ

ਵਿਸ਼ਾ : ਸੈਸ਼ਨ 2022-23 ਦੌਰਾਨ ਯੂਨਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਵਿੱਚ ਲੇਟ ਦਾਖਲਾ ਫੀਸ ਨਾਲ ਦਾਖਲਾ ਮਿਤੀਆਂ ਦਾ ਸ਼ਡਿਊਲ।

ਸ੍ਰੀਮਾਨ/ਸ੍ਰੀਮਤੀ ਜੀ,

ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਦਿੱਤੇ ਗਏ ਆਦੇਸ਼ਾਂ ਅਨੁਸਾਰ ਸੈਸ਼ਨ 2022-23 ਦੌਰਾਨ ਯੂਨਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਵਿੱਚ ਦਾਖਲਿਆਂ ਦਾ ਬਿਨ੍ਹਾਂ ਲੇਟ ਫੀਸ ਨਿਰਧਾਰਤ ਸਮਾਂ (30.9.2022) ਲੰਘਣ ਉਪਰੰਤ ਲੇਟ ਦਾਖਲਾ ਫੀਸ ਨਾਲ ਦਾਖਲਾ ਮਿਤੀਆਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ:

| | | |
|---|---|---|
| 1. | 500/- ਰੁ: ਲੇਟ ਫੀਸ ਅਤੇ<br>ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 01.10.2022 ਤੋਂ 04.10.2022 |
| 2. | 1000/- ਰੁ: ਲੇਟ ਫੀਸ ਅਤੇ<br>ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 06.10.2022 ਤੋਂ 08.10.2022 |
| 3. | 1500/-ਰੁ:ਲੇਟ ਫੀਸ ਅਤੇ<br>ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 10.10.2022 ਤੋਂ 12.10.2022 |
| 4. | 2000/-ਰੁਪਏ ਲੇਟ ਫੀਸ ਅਤੇ<br>ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ<br>ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 13.10.2022 ਤੋਂ 14.10.2022 |

ਕਾਲਜਾਂ ਨੂੰ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਲੇਟ ਦਾਖਲਾ ਫੀਸ ਨਾਲ ਦਾਖਲ ਕੀਤੇ ਵਿਦਿਆਰਥੀਆਂ ਦੇ ਸਬੰਧਤ ਕੋਰਸ ਵਿੱਚ ਨਿਯਮਾਂ ਅਨੁਸਾਰ ਨਿਰਧਾਰਤ ਲੋੜੀਂਦੇ ਲੈਕਚਰ/ਹਾਜ਼ਰੀਆਂ ਪੂਰੀਆਂ ਕਰਵਾਉਣ ਦੀ ਜ਼ਿੰਮੇਵਾਰੀ ਕਾਲਜ ਦੀ ਆਪਣੀ ਹੋਵੇਗੀ।

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਲੇਟ ਦਾਖਲਾ ਫੀਸ ਨਾਲ ਦਾਖਲ ਕੀਤੇ ਵਿਦਿਆਰਥੀਆਂ ਦੀਆਂ ਦਾਖਲਾ ਰਜਿਸਟ੍ਰੇਸ਼ਨ ਰਿਟਰਨਾਂ/ਪ੍ਰੀਖਿਆ ਫਾਰਮ ਉਕਤ ਨਿਰਧਾਰਤ ਸ਼ਡਿਊਲ ਅਨੁਸਾਰ ਆਖਰੀ ਮਿਤੀ ਤੋਂ ਬਾਅਦ ਬਿਨ੍ਹਾਂ ਲੇਟ ਫੀਸ ਨਾਲ ਪੰਜ ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਣਗੇ।

(ਦਸਤਖਤ) 30-9-22
ਡੀਨ, ਕਾਲਜ ਵਿਕਾਸ ਕੌਂਸਲ